# ਹੈਪਾਟਾਇਟਿਸ ਬੀ ਦੀ ਦਵਾਈ ਦੇ ਟੀਕੇ

ਦਵਾਈਆਂ (ਜਾਂ ਟੀਕੇ) ਖਤਰਨਾਕ ਬਿਮਾਰੀਆਂ ਤੋਂ ਬਚਾਉਣ ਲਈ ਸਭ ਤੋਂ ਵੱਧ ਜ਼ਰੂਰੀ ਹਨ। ਨੈਸ਼ਨਲ ਐਡਵਾਈਜ਼ਰੀ ਕਮੇਟੀ (National Advisory Committee on Immunization) ਇਹ ਬਹੁਤ ਜ਼ਰੂਰੀ ਸਮਝਦੀ ਹੈ ਕਿ ਬਿਮਾਰੀਆਂ ਦੀ ਰੋਕਥਾਮ ਲਈ ਇਹ ਟੀਕੇ ਨਿਯਮ ਨਾਲ ਲਗਾਉਣੇ ਚਾਹੀਦੇ ਹਨ।

### ਜ਼ੈਹਰੀਲਾ ਮਾਦਾ (ਵਾਇਰਸ)

ਹੈਪਾਟਾਇਟਿਸ ਬੀ ਦੇ ਜ਼ੈਹਰੀਲੇ ਮਾਦੇ ਨਾਲ ਤੁਹਾਡੇ ਜਿਗਰ ਨੂੰ ਸਥਾਈ ਤੌਰ ਤੇ ਨੁਕਸਾਨ ਪਹੁੰਚ ਸਕਦਾ ਹੈ। ਦੁਨੀਆਂ ਵਿਚ ਜਿਗਰ ਦੇ ਕੈਂਸਰ ਦਾ ਸਭ ਤੋਂ ਵੱਡਾ ਕਾਰਨ ਇਹ ਵਾਇਰਸ (ਜ਼ੈਹਰੀਲਾ ਮਾਦਾ) ਹੈ। ਸ਼ਰੀਰ ਵਿਚ ਜਿਗਰ ਤੁਹਾਡੇ ਖਾਣੇ ਨੂੰ ਹਜ਼ਮ ਕਰਕੇ ਬਾਕੀ ਦਾ ਫਾਲਤੂ ਗੰਦ ਸ਼ਰੀਰ ਤੋਂ ਬਾਹਰ ਕੱਢਣ ਲਈ ਜ਼ਰੂਰੀ ਹੁੰਦਾ ਹੈ।

ਆਨਟੇਰਿਓ ਵਿਚ ਹਰ ਸਾਲ ਹੈਪਾਟਾਇਟਿਸ ਬੀ ਦੇ ਤਕਰੀਬਨ ੧੫੦ ਮਰੀਜ਼ ਹੁੰਦੇ ਹਨ। ਇਸ ਬਿਮਾਰੀ ਦੇ ਸ਼ਿਕਾਰ ਵਿਅਕਤੀ ਅਕਸਰ ਥੱਕਿਆ ਹੋਇਆ ਮਹਿਸੂਸ ਕਰਦੇ ਹਨ, ਉਨ੍ਹਾਂ ਨੂੰ ਬੁਖ਼ਾਰ ਰਹਿੰਦਾ ਹੈ, ਭੁੱਖ ਘੱਟ ਜਾਂਦੀ ਹੈ ਅਤੇ ਕਈ ਵਾਰੀ ਚਮੜੀ ਅਤੇ ਅੱਖਾਂ ਦਾ ਰੰਗ ਪੀਲਾ ਪੈ ਜਾਂਦਾ ਹੈ (ਜਿਸ ਨੂੰ ਪੀਲੀਆ ਆਖਦੇ ਹਨ)। ਇਹ ਬਿਮਾਰੀ ਕਈ ਹੋਰ ਲੋਕਾਂ ਨੂੰ ਵੀ ਹੋ ਸਕਦੀ ਹੈ, ਜਿਨ੍ਹਾਂ ਨੂੰ ਇਸ ਦਾ ਪਤਾ ਹੀ ਨਹੀਂ। ਇਸ ਦਾ ਮਤਲਬ ਹੈ ਕਿ ਬਿਨ੍ਹਾਂ ਜਾਣੇ ਤੁਸੀਂ ਇਸ ਬਿਮਾਰੀ ਦੀ ਛੂਤ ਕਿਸੇ ਹੋਰ ਨੂੰ ਵੀ ਦੇ ਸਕਦੇ ਹੋ।

### ਤੁਹਾਨੂੰ ਹੈਪਾਟਾਇਟਿਸ ਬੀ ਕਿਵੇਂ ਹੋ ਸਕਦਾ ਹੈ

ਇਸ ਬਿਮਾਰੀ ਦੇ ਸ਼ਿਕਾਰ ਕਿਸੇ ਵਿਅਕਤੀ ਦੇ ਖ਼ੂਨ ਜਾਂ ਸ਼ਰੀਰ ਦੇ ਤਰਲ-ਪਦਾਰਥ ਦੁਆਰਾ ਇਹ ਬਿਮਾਰੀ ਤੁਹਾਨੂੰ ਹੋ ਸਕਦੀ ਹੈ। ਮੁੱਖ ਤੌਰ ਤੇ ਇਹ ਕਾਮਵਾਸਨਾ ਦੁਆਰਾ ਇਕ ਤੋਂ ਦੂਸਰੇ ਨੂੰ ਹੋ ਜਾਂਦੀ ਹੈ ਪਰ ਕਿਸੇ ਦੀ ਵਰਤੋਂ ਵਿਚ ਲਿਆਉਂਦੀ ਟੀਕੇ ਦੀ ਸੂਈ, ਕੰਨਾਂ ਵਿਚ ਜਾਂ ਸ਼ਰੀਰ ਦੇ ਕਿਸੇ ਅੰਗ ਵਿਚ ਛੇਦ ਕਰਵਾਉਣ ਵਾਲੀ ਸੂਈ ਨਾਲ ਅਤੇ ਗੰਦੇ ਸਾਜ ਸਮਾਨ ਨਾਲ ਸ਼ਰੀਰ ਉਤੇ ਬੇਲਬੂਟੇ (tattoo) ਬਣਵਾਉਣ ਨਾਲ ਵੀ ਹੋ ਸਕਦੀ ਹੈ। ਜੇ ਬੱਚੇ ਦੇ ਜਨਮ ਤੋਂ ਪਹਿਲਾਂ ਮਾਂ ਨੂੰ ਹੈਪਾਟਾਇਟਿਸ ਬੀ ਹੋਵੇ ਤਾਂ ਬੱਚੇ ਨੂੰ ਮਾਂ ਕੋਲੋਂ ਹੋ ਸਕਦੀ ਹੈ। ਇਹ ਬਿਮਾਰੀ ਖੰਘ ਰਾਹੀ, ਮਿਲ ਕੇ ਖਾਣਾ ਖਾਣ ਨਾਲ ਜਾਂ ਗਲਵਕੜੀ ਪਾਣ ਨਾਲ ਇਕ ਵਿਅਕਤੀ ਤੋਂ ਦੂਸਰੇ ਨੂੰ ਨਹੀਂ ਹੋ ਸਕਦੀ।

### ਕੀ ਇਸ ਦਾ ਕੋਈ ਇਲਾਜ ਹੈ?

ਇਸ ਦਾ ਕੋਈ ਇਲਾਜ ਨਹੀਂ ਹੈ। ਜ਼ਿਆਦਾਤਰ ਲੋਗ ਠੀਕ ਹੋ ਜਾਂਦੇ ਹਨ, ਪਰ ਕਰੀਬਨ ੧੦% ਨੂੰ ਇਹ ਬਿਮਾਰੀ ਸਾਰੀ ਉਮਰ ਰਹਿੰਦੀ ਹੈ ਅਤੇ ਉਹ ਦੂਸਰੇ ਲੋਕਾਂ ਨੂੰ ਇਸ ਦੀ ਛੂਤ ਦਿੰਦੇ ਰਹਿੰਦੇ ਹਨ। ਕਈ ਲੋਕਾਂ ਨੂੰ ਸਾਰੀ ਉਮਰ ਜਿਗਰ ਦੀਆਂ ਸਮੱਸਿਆਵਾਂ ਰਹਿੰਦੀਆਂ ਹਨ।

### ਇਸ ਤੋਂ ਬਚਾਓ ਹੋ ਸਕਦਾ ਹੈ

ਲਗਾਤਾਰ ਨਿਯਮ ਨਾਲ ਇਸ ਦੇ ਟੀਕੇ ਲਗਵਾਉਣ ਨਾਲ ਇਸ ਬਿਮਾਰੀ ਤੋਂ ਬਚਾਓ ਹੋ ਸਕਦਾ ਹੈ।

### ਕੀ ਇਹ ਟੀਕੇ ਸੁਰੱਖਿਅਤ ਹਨ?

ਇਹ ਟੀਕੇ ਸੁਰੱਖਿਅਤ ਹਨ। ਇਹ ਟੀਕੇ ਕੈਨੇਡਾ ਵਿਚ ਬਹੁਤ ਸਾਲਾਂ ਤੋਂ ਵਰਤੋਂ ਵਿਚ ਲਿਆਏ ਜਾ ਰਹੇ ਹਨ ਅਤੇ ਇਹ ਸਭ ਤੋਂ ਸੁਰੱਖਿਅਤ ਦਵਾਈਆਂ ਵਿਚ ਗਿਣੇ ਜਾਂਦੇ ਹਨ। ਇਸ ਦੇ ਕੁਛ ਮਾਮੂਲੀ ਬੁਰੇ ਅਸਰ ਹੋ ਸਕਦੇ ਹਨ - ਜਿਵੇਂ ਟੀਕੇ ਦੀ ਥਾਂ ਤੇ ਲਾਲੀ ਜਾਂ ਸੋਜ, ਇਕ-ਅੱਧੇ ਦਿੰਨ ਲਈ ਥੱਕਾਨ ਜਾਂ ਹਲਕਾ ਬੁਖ਼ਾਰ ਵੀ ਹੋ ਸਕਦਾ ਹੈ। ਜੇ ਇਸ ਟੀਕੇ ਨੂੰ ਲਗਵਾਉਣ ਦੇ ੧੫ ਦਿਨ ਦੇ ਵਿਚ ਕੋਈ ਹੋਰ ਬੁਰੇ ਅਸਰ ਹੋਣ ਤਾਂ ਆਪਣੇ ਡਾਕਟਰ ਜਾਂ ਸੇਹਤ ਵਿਭਾਗ ਨੂੰ ਇਸ ਦੀ ਸੂਚਨਾ ਦਿਓ। ਜਿਵੇਂ ਸਾਹ ਦੀ ਤਕਲੀਫ, ਮੂੰਹ ਦੀ ਸੋਜ, ਤੇਜ਼ ਬੁਖ਼ਾਰ ੩੯ C ਡਿਗਰੀ ਤੋਂ ਵੱਧ ਅਤੇ ਚਮੜੀ ਤੇ ਧੱਫੜ ਜਾਂ ਲਾਲੀ।

ਹੈਪਾਟਾਇਟਿਸ ਬੀ ਦੀ ਬਿਮਾਰੀ ਦਾ ਖਤਰਾ ਇਸ ਟੀਕੇ ਦੇ ਅਸਰ ਤੋਂ ਕਿਤੇ ਜ਼ਿਆਦਾ ਖਤਰਨਾਕ ਹੈ, ਪਰ ਫਿਰ ਵੀ ਕੁਛ ਲੋਕਾਂ ਨੂੰ ਇਹ ਟੀਕਾ ਨਹੀਂ ਲਗਵਾਣਾ ਚਾਹੀਦਾ।

ਜੇਕਰ ਤੁਹਾਨੂ ਮਾਮੂਲੀ ਜ਼ੁਕਾਮ ਤੋਂ ਵੱਧ ਛੂੱਤ, ਬੁਖ਼ਾਰ ਜਾਂ ਹੋਰ ਕੋਈ ਗੰਭੀਰ ਤਕਲੀਫ ਹੈ ਤਾਂ ਤੁਹਾਨੂੰ ਇਹ ਟੀਕਾ ਨਹੀਂ ਲਗ ਸਕਦਾ। ਜੇ ਤੁਹਾਨੂੰ ਪਹਿਲੇ ਕਦੀ ਇਸ ਟੀਕੇ ਤੋਂ ਕੋਈ ਬੁਰਾ ਅਸਰ ਹੋਇਆ ਹੈ ਤਾਂ ਆਪਣੇ ਡਾਕਟਰ ਨੂੰ ਦੱਸੋ। **ਕਿਸੇ ਵੀ ਦਵਾਈ ਦੇ ਲਾਭ ਅਤੇ ਨੁਕਸਾਨ ਕੀ ਹਨ, ਇਸ ਬਾਰੇ ਆਪਣੇ ਡਾਕਟਰ ਨਾਲ ਸਲਾਹ ਕਰੋ।**

### ਜੇ ਮੈਨੂੰ ਹੈਪਾਟਾਇਟਿਸ ਬੀ ਦੀ ਦਵਾਈ ਬਾਰੇ ਕੁਛ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਮੈਨੂੰ ਕਿਸ ਨਾਲ ਗਲ ਕਰਨੀ ਚਾਹੀਦੀ ਹੈ?

ਆਪਣੇ ਪਰਿਵਾਰਿਕ ਡਾਕਟਰ ਜਾਂ ਸਥਾਨਕ ਸੇਹਤ ਸੇਵਾ ਕੇਂਦਰ ਨਾਲ ਸੰਪਰਕ ਕਰਕੇ ਵਧੇਰੇ ਜਾਣਕਾਰੀ ਲਓ।

### ਇਨ੍ਹਾਂ ਟੀਕਿਆਂ ਦਾ ਰਿਕਾਰਡ

ਬਿਮਾਰੀਆਂ ਦੀ ਰੋਕਥਾਮ ਲਈ ਲਗਦੇ ਟੀਕਿਆਂ ਦਾ ਰਿਕਾਰਡ ਰਖਣ ਲਈ ਇਕ "ਪੀਲਾ ਕਾਰਡ" (Immunization Record Card) ਹੁੰਦਾ ਹੈ। ਜਦੋਂ ਵੀ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਨਵਾਂ ਟੀਕਾ ਲਗਦਾ ਹੈ ਤਾਂ ਉਹ ਇਸ ਕਾਰਡ ਤੇ ਦਰਜ ਕਰ ਦੇਣਾ ਚਾਹੀਦਾ ਹੈ, ਆਪਣੇ ਡਾਕਟਰ ਤੋਂ ਇਹ ਜ਼ਰੂਰ ਕਰਵਾਉ। ਇਸ ਨੂੰ ਕਿਸੇ ਸੁਰੱਖਿਅਤ ਸਥਾਨ ਤੇ ਸੰਭਾਲ ਕੇ ਰਖੋ!